# ਬੱਚਿਆਂ ਤੇ ਬਾਲਾਂ ਵਿੱਚ ਲਿੰਗੀ ਲੱਛਣਾਂ ਵਿੱਚ ਫਰਕ

## ਪਰਿਵਾਰਾਂ ਵਾਸਤੇ ਜਾਣਕਾਰੀ

ਤੁਹਾਨੂੰ ਇਹ ਤੱਥ ਸ਼ੀਟ ਇਸ ਲਈ ਦਿੱਤੀ ਗਈ ਹੈ ਕਿਉਂਕਿ ਤੁਹਾਡੇ ਬੱਚੇ ਜਾਂ ਬਾਲ ਦੀ ਲਿੰਗੀ ਲੱਛਣਾਂ ਵਿੱਚ ਫਰਕ ਵਜੋਂ ਤਖਸ਼ੀਸ਼ ਕੀਤੀ ਗਈ ਹੈ। ਇਸ ਦਾ ਮਤਲਬ ਹੈ ਕਿ ਤੁਹਾਡਾ ਬੱਚਾ ਕੁਦਰਤੀ ਉਤਪੰਨ ਹੋਣ ਵਾਲੇ ਲੱਛਣਾਂ ਨਾਲ ਪੈਦਾ ਹੋਇਆ ਹੈ ਜੋ ਕਿ ਆਦਮੀ ਜਾਂ ਔਰਤ ਦੇ ਸਰੀਰ ਦੀ ਖਾਸ ਪਰਿਭਾਸ਼ਾ ਵਿੱਚ ਸੂਤ ਨਹੀਂ ਬੈਠਦੇ ਹਨ।

ਇਹਨਾਂ ਫਰਕਾਂ ਨੂੰ ਕਈ ਵਾਰੀ 'ਮੱਧ-ਲਿੰਗੀ ਫਰਕਾਂ', 'ਲਿੰਗੀ ਵਿਕਾਸ ਵਿੱਚ ਫਰਕਾਂ' ਜਾਂ 'ਜਣਨ ਵਿਕਾਸ ਨਾਲ ਸਬੰਧਿਤ ਹਾਲਾਤਾਂ' ਵਜੋਂ ਜਾਣਿਆ ਜਾਂਦਾ ਹੈ। ਵੱਖ ਵੱਖ ਲੋਕ ਵੱਖਰੀ ਸ਼ਬਦਾਵਲੀ ਨੂੰ ਤਰਜੀਹ ਦਿੰਦੇ ਹਨ। ਇਸ ਤੱਥ ਸ਼ੀਟ ਵਾਸਤੇ ਅਸੀਂ 'ਮੱਧ-ਲਿੰਗੀ ਫਰਕਾਂ' ਨੂੰ ਵਰਤਾਂਗੇ।

ਇਥੇ 30 ਤੋਂ ਜ਼ਿਆਦਾ ਮੱਧ-ਲਿੰਗੀ ਫਰਕ ਹਨ ਜੋ ਲੋਕਾਂ ਨੂੰ ਵੱਖ ਵੱਖ ਤਰੀਕਿਆਂ ਨਾਲ ਪ੍ਰਭਾਵਿਤ ਕਰ ਸਕਦੇ ਹਨ। ਮੱਧ-ਲਿੰਗੀ ਫਰਕ ਕਰੋਮੋਸੋਮਲ (ਗੁਣ ਸੂਤਰ), ਹਾਰਮੋਨਲ ਅਤੇ/ਜਾਂ ਸਰੀਰਕ ਫਰਕਾਂ ਦੇ ਨਤੀਜੇ ਵਜੋਂ ਹੋ ਸਕਦੇ ਹਨ। ਉਹਨਾਂ ਵਿੱਚ ਸ਼ਾਮਲ ਹੋ ਸਕਦੇ ਹਨ ਐਕਸ ਤੇ ਵਾਈ ਕਰੋਮੋਸੋਮਾਂ ਦੇ ਵੱਖ ਵੱਖ ਮਿਲਾਪ, ਹਾਰਮੋਨਜ਼ ਦੇ ਵੱਖ ਵੱਖ ਦਰਜੇ ਜਾਂ ਸੰਵੇਦਨਸ਼ੀਲਤਾ ਖਾਸ ਤੌਰ ਤੇ ਇਕ ਜਾਂ ਦੂਸਰੇ ਲਿੰਗ ਨਾਲ ਸਬੰਧਿਤ, ਅਤੇ ਲਿੰਗ ਜੋ ਆਮ ਨਾਲੋਂ ਥੋੜ੍ਹੇ ਵੱਖਰੇ ਵਿਖਾਈ ਦਿੰਦੇ ਹਨ।

ਲਿੰਗੀ ਲੱਛਣਾਂ ਵਿੱਚ ਕੁਝ ਫਰਕਾਂ ਦਾ ਜਨਮ ਤੋਂ ਪਹਿਲਾਂ, ਪੈਦਾ ਹੋਣ ਸਮੇਂ ਜਾਂ ਗਰਭ ਦੇ ਦੌਰਾਨ ਪਤਾ ਲਗਾਉਣਾ ਸੰਭਵ ਹੈ। ਕੁਝ ਜਵਾਨੀ ਵੇਲੇ ਉਘੜ ਕੇ ਸਾਹਮਣੇ ਆਉਂਦੇ ਹਨ, ਖਾਸ ਤੌਰ ਤੇ ਉਹਨਾਂ ਦੇ ਜਿੰਨ੍ਹਾਂ ਵਿੱਚ ਜਣਨ ਦੀ ਪ੍ਰਕਿਰਿਆ ਦਾ ਫਰਕ ਸ਼ਾਮਲ ਹੋਵੇ। ਦੂਸਰੇ ਫਰਕ ਵਿਅਕਤੀ ਦੀ ਸਾਰੀ ਜਿੰਦਗੀ ਦੇ ਦੌਰਾਨ ਗੁਪਤ ਹੀ ਰਹਿ ਸਕਦੇ ਹਨ।

ਮੱਧ-ਲਿੰਗੀ ਫਰਕਾਂ ਵਾਲੇ ਕੁਝ ਲੋਕ ਇਕ ਲਿੰਗ ਜਾਂ ਦੂਸਰੇ ਲਿੰਗ ਦੇ ਖਾਸ ਲਿੰਗੀ ਲੱਛਣਾਂ ਦਾ ਵਿਕਾਸ ਨਹੀਂ ਕਰਦੇ ਅਤੇ ਕੁਝ ਕੋਲ ਦੋਵੇਂ ਲਿੰਗਾਂ ਦੀਆਂ ਰਲਵੀਆਂ ਵਿਸ਼ੇਸ਼ਤਾਵਾਂ ਹੁੰਦੀਆਂ ਹਨ। ਇਸ ਦੇ ਬਾਵਜੂਦ ਤੁਹਾਡੇ ਬੱਚੇ ਨੂੰ ਇਕ ਮੁੰਡੇ ਜਾਂ ਇਕ ਕੁੜੀ ਵਜੋਂ ਵੱਡਾ ਕੀਤਾ ਜਾਵੇਗਾ (ਕੀਤਾ ਜਾ ਰਿਹਾ ਹੈ)।

ਮੱਧ-ਲਿੰਗੀ ਫਰਕਾਂ ਵਾਲੇ ਬਹੁਤੇ ਲੋਕਾਂ ਲਈ, ਉਹਨਾਂ ਦਾ ਫਰਕ ਦੂਸਰਿਆਂ ਨੂੰ ਰੋਜ਼ਾਨਾ, ਸਮਾਜਿਕ ਵਾਸਤਿਆਂ ਵਿੱਚ ਪਰਤੱਖ ਵਿਖਾਈ ਜਾਂ ਨਜ਼ਰ ਨਹੀਂ ਆਉਂਦਾ ।

ਤੁਹਾਡੇ ਬੱਚੇ ਦਾ ਮੱਧ-ਲਿੰਗੀ ਫਰਕ ਉਹਨਾਂ ਦੀ ਲਿੰਗੀ ਪਛਾਣ ਤੋਂ ਵੱਖਰਾ ਹੈ (ਆਦਮੀ ਜਾਂ ਔਰਤ ਵਜੋਂ ਮਹਿਸੂਸ ਕਰਨ ਦੀ ਉਹਨਾਂ ਦਾ ਅੰਦਰੂਨੀ ਭਾਵ) ਅਤੇ ਉਹਨਾਂ ਦੀ ਲਿੰਗੀ ਪਸੰਦ (ਲੋਕੀਂ ਕਿਸ ਵੱਲ ਆਕਰਸ਼ਤ ਹੁੰਦੇ ਹਨ)। ਮੱਧ-ਲਿੰਗੀ ਫਰਕ ਵਾਲੇ ਬਹੁਤੇ ਲੋਕ ਆਦਮੀ ਜਾਂ ਔਰਤ ਅਤੇ ਵਿਰੋਧੀ ਲਿੰਗ (ਹੈਟਰੋਸੈਕਸੂਅਲ) ਵਜੋਂ ਪਛਾਣੇ ਜਾਂਦੇ ਹਨ। ਮੱਧ-ਲਿੰਗੀ ਫਰਕ ਵਾਲੇ ਲੋਕਾਂ ਸਮੇਤ ਸਮਾਜ ਵਿੱਚ ਕਿਸੇ ਨੂੰ ਵੀ ਇਹਨਾਂ ਲੱਛਣਾਂ ਦਾ ਪਹਿਲਾਂ ਤੋਂ ਪਤਾ ਨਹੀਂ ਲੱਗਦਾ ਅਤੇ ਸਿਰਫ ਤੁਹਾਡਾ ਬੱਚਾ ਹੀ ਉਹਨਾਂ ਦੀ ਤਰਜੀਹ ਅਤੇ ਪਛਾਣ ਨੂੰ ਜਾਣਨ ਦੇ ਯੋਗ ਹੋਏਗਾ।

VICTORIA State Government | Health and Human Services

# ਮੱਧ-ਲਿੰਗੀ ਫਰਕ ਕਿੰਨੇ ਕੁ ਆਮ ਹਨ?

ਮੱਧ-ਲਿੰਗੀ ਫਰਕ ਵਾਲੇ ਲੋਕਾਂ ਦੀ ਗਿਣਤੀ ਬਾਰੇ ਭਰੋਸੇਯੋਗ ਜਾਣਕਾਰੀ ਕਈ ਕਾਰਣਾਂ ਕਰਕੇ ਇਕੱਠੀ ਕਰਨੀ ਔਖੀ ਹੈ, ਸਮੇਤ ਇਸ ਦੇ ਕਿ ਬਹੁਤ ਸਾਰੇ ਫਰਕ ਵਿਅਕਤੀ ਦੀ ਜ਼ਿੰਦਗੀ ਦੇ ਦੌਰਾਨ ਬਿਨਾਂ ਪਤਾ ਲਗਾਏ ਹੀ ਲੰਘ ਜਾਂਦੇ ਹਨ।

ਮੱਧ-ਲਿੰਗੀ ਫਰਕ ਵਾਲੇ ਲੋਕ ਆਮ ਨਾਲੋਂ ਜ਼ਿਆਦਾ ਹਨ ਜਿੰਨ੍ਹਾਂ ਕਿ ਬਹੁਤੇ ਲੋਕੀਂ ਸੋਚਦੇ ਹਨ ਲੱਗਭੱਗ ਉਨ੍ਹੀ ਕੁ ਗਿਣਤੀ ਵਿੱਚ ਜਿੰਨੇ ਕੁ ਲੋਕ ਲਾਲ ਵਾਲਾਂ ਵਾਲੇ ਹੁੰਦੇ ਹਨ। ਬੜੇ ਨਾਪ ਤੋਲ ਕੇ ਲਾਏ ਹਿਸਾਬ ਅਨੁਸਾਰ ਪੈਦਾ ਹੋਏ ਬੱਚਿਆਂ ਵਿੱਚੋਂ ਇਕ ਅਤੇ ਦੋ ਪ੍ਰਤੀਸ਼ਤ ਦੇ ਵਿਚਕਾਰ ਕਿਸੇ ਤਰ੍ਹਾਂ ਦੇ ਲਿੰਗੀ ਲੱਛਣਾਂ ਦੇ ਫਰਕ ਹੁੰਦੇ ਹਨ। ਇਹਨਾਂ ਵਿੱਚ ਸ਼ਾਮਲ ਕਈ ਲਿੰਗ ਦੇ ਵਿਕਾਸ ਦੇ ਮਾਮੂਲੀ ਫਰਕ ਵਾਲੇ ਹੁੰਦੇ ਹਨ ਜਿਸ ਦੇ ਨਤੀਜੇ ਵਜੋਂ ਸਿਹਤ ਪ੍ਰਣਾਲੀ ਨਾਲ ਲਗਾਤਾਰ ਸਿਹਤ ਲੋੜਾਂ ਜਾਂ ਲੰਮੇ ਸਮੇਂ ਲਈ ਸਾਂਝਾਂ ਨਹੀਂ ਹੁੰਦੀਆਂ।

ਰਲਵੇਂ ਲਿੰਗੀ ਕਰੋਮੋਸੋਮ ਫਰਕਾਂ ਜਿਵੇਂ ਕਿ ਕਲਾਈਨਫੈਲਟਰ ਸਿੰਡਰੋਮ, ਟਰਿਪਲ ਐਕਸ ਸਿੰਡਰੋਮ ਅਤੇ ਟਰਨਰ ਸਿੰਡਰੋਮ ਬਹੁਤੇ ਆਮ ਪਤਾ ਲਗਾਏ ਜਾਂਦੇ ਹਨ। ਜਣਨ ਅੰਗਾਂ ਨਾਲ ਸਬੰਧਿਤ ਮੱਧ-ਲਿੰਗੀ ਫਰਕ ਜਿਹੜੇ ਵੱਖਰੇ (ਅਜੀਬ) ਵਿਖਾਈ ਦਿੰਦੇ ਹਨ ਉਹ ਘੱਟ ਹਨ।

# ਕੀ ਮੱਧ-ਲਿੰਗੀ ਫਰਕਾਂ ਨੂੰ ਇਲਾਜ ਦੀ ਲੋੜ ਹੁੰਦੀ ਹੈ?

ਮੱਧ-ਲਿੰਗੀ ਫਰਕ ਵਾਲੇ ਲੋਕ ਸਰੀਰਕ ਤੋਰ ਤੇ ਤੰਦਰੁਸਤ ਹੁੰਦੇ ਹਨ ਅਤੇ ਖੁਸ਼ ਤੇ ਸਫਲਤਾ ਭਰਪੂਰ ਜਿੰਦਗੀਆਂ ਜਿਉਂਦੇ ਹਨ। ਖਾਸ ਮੱਧ-ਲਿੰਗੀ ਫਰਕਾਂ ਨਾਲ ਸਬੰਧਿਤ ਕੁਝ ਨਿਸ਼ਚਤ ਸਰੀਰਕ ਸਿਹਤ ਤੇ ਗਿਆਨ ਅਤੇ ਵਿਕਾਸ ਦੇ ਮੁੱਦੇ ਹੁੰਦੇ ਹਨ। ਆਪਣੇ ਬੱਚੇ ਦੇ ਖਾਸ ਮੱਧ ਲਿੰਗੀ ਫਰਕ ਨਾਲ ਸਬੰਧਿਤ ਮੁੱਦਿਆਂ ਅਤੇ ਖਤਰਿਆਂ ਨੂੰ ਪੂਰੀ ਤਰ੍ਹਾਂ ਸਮਝਣ ਅਤੇ ਵਧੀਆ ਸੰਭਾਲ ਅਤੇ ਇਲਾਜ ਲਈ ਸਮਝਦਾਰ ਫੈਸਲੇ ਲੈਣ ਵਾਸਤੇ ਸਹੀ ਜਾਣਕਾਰੀ ਪ੍ਰਾਪਤ ਕਰਨਾ ਮਹੱਤਵਪੂਰਣ ਹੈ।

ਜੇਕਰ ਤੁਸੀਂ ਆਪਣੇ ਨਵੇਂ ਜਨਮੇ ਬੱਚੇ ਦਾ ਮੱਧ-ਲਿੰਗੀ ਫਰਕ ਵਾਸਤੇ ਇਲਾਜ ਕਰਵਾ ਰਹੇ ਹੋ ਆਪਣੇ ਬੱਚੇ ਨੂੰ ਕੁੜੀ ਜਾਂ ਮੁੰਡੇ ਵਜੋਂ ਪਾਲੇ ਜਾਣ ਦਾ ਫੈਸਲਾ ਲੈਣਾ ਇਕ ਮਹੱਤਵਪੂਰਣ ਫੈਸਲਾ ਹੈ। ਤੁਹਾਡੀ ਸਿਹਤ ਪੇਸ਼ੇਵਰ ਟੀਮ ਤੁਹਾਨੂੰ ਫੈਸਲਾ ਕਰਨ ਵਿੱਚ ਸਹਾਇਤਾ ਕਰ ਸਕਦੀ ਹੈ। ਪਰ ਇਹ ਫੈਸਲਾ ਸਿਰਫ ਹੁਣ ਵਾਸਤੇ ਹੀ ਹੈ। ਸਿਰਫ ਤੁਹਾਡਾ ਬੱਚਾ ਹੀ ਜਾਣੇਗਾ ਕਿ ਉਹ ਆਪਣੇ ਆਪ ਨੂੰ ਆਦਮੀ ਜਾਂ ਔਰਤ ਵਜੋਂ ਪਛਾਣਿਆ ਜਾਣਾ ਜਾਵੇਗਾ।

ਜੇਕਰ ਤੁਸੀਂ ਵੱਡੇ ਬੱਚੇ ਦਾ ਮੱਧ-ਲਿੰਗੀ ਫਰਕ ਵਾਸਤੇ ਇਲਾਜ ਕਰਵਾ ਰਹੇ ਹੋ ਤਦ ਤੁਹਾਡਾ ਬੱਚਾ ਪਹਿਲਾਂ ਤੋਂ ਹੀ ਮੁੰਡੇ ਜਾਂ ਕੁੜੀ ਵਜੋਂ ਪਾਲਿਆ ਜਾ ਰਿਹਾ ਹੈ। ਕੁਝ ਹਾਲਾਤਾਂ ਵਿੱਚ ਉਹਨਾਂ ਦਾ ਫਰਕ ਉਹਨਾਂ ਦੀ ਜਵਾਨੀ ਦੇ ਵਿਕਾਸ ਜਾਂ ਉਹਨਾਂ ਦੇ ਲਿੰਗੀ ਪਛਾਣ ਵਿੱਚ ਅਸਰ ਕਰ ਸਕਦਾ ਹੈ। ਅਸੀਂ ਤੁਹਾਨੂੰ ਇਹਨਾਂ ਮੁੱਦਿਆਂ ਨੂੰ ਆਪਣੇ ਬੱਚੇ ਨਾਲ ਖੁੱਲ੍ਹੇ ਤਰੀਕੇ ਨਾਲ ਵਿਚਾਰਨ ਲਈ ਪੁਰਜ਼ੋਰ ਤਰੀਕੇ ਨਾਲ ਉਤਸ਼ਾਹਿਤ ਕਰਦੇ ਹਾਂ। ਉਹਨਾਂ ਦੀਆਂ ਚੋਣਾਂ ਨੂੰ ਸਹਿਯੋਗ ਦੇਣਾ ਅਤੇ ਸਵੀਕਾਰ ਕਰਨਾ ਉਹਨਾਂ ਦੀ ਭਲਾਈ ਵਾਸਤੇ ਬਹੁਤ ਮਹੱਤਵਪੂਰਣ ਹੈ।

ਆਪਣੇ ਬੱਚੇ ਦੀ ਥਾਂਵੇਂ ਇਲਾਜ ਦੇ ਫੈਸਲੇ ਲੈਂਦੇ ਸਮੇਂ ਪੂਰਾ ਸਮਾਂ ਲੈਣਾ ਮਹੱਤਵਪੂਰਣ ਹੈ। ਕੁਝ ਇਲਾਜ ਵਾਪਸ ਉਲਟਾਏ ਨਹੀਂ ਜਾ ਸਕਦੇ ਅਤੇ ਬਹੁਤੇ ਇਲਾਜਾਂ ਨੂੰ ਤੁਹਾਡੇ ਬੱਚੇ ਦੇ ਵੱਡੇ ਹੋਣ ਤੱਕ ਮੁਲਤਵੀ ਕੀਤਾ ਜਾ ਸਕਦਾ ਹੈ ਜਦੋਂ ਉਹ ਆਪਣੇ ਫੈਸਲੇ ਲੈਣ ਜੋਗਾ ਵੱਡਾ ਨਾ ਹੋ ਜਾਵੇ।

ਆਪਣਾ ਸਮਾਂ ਲਵੋ, ਸਲਾਹ ਲਵੋ ਅਤੇ ਆਪਣੇ ਆਪ ਦੇ ਅਤੇ ਤੁਹਾਡੇ ਬੱਚੇ ਦੇ ਤਿਆਰ ਹੋਣ ਤੋਂ ਪਹਿਲਾਂ ਫੈਸਲਾ ਲੈਣ ਵਾਸਤੇ ਦਬਾਅ ਮਹਿਸੂਸ ਨਾ ਕਰੋ। ਤੁਹਾਡੇ ਬੱਚੇ ਦੇ ਵੱਡੇ ਹੋਣ ਤੱਕ ਜਦ ਤੱਕ ਉਹ ਫੈਸਲਾ ਲੈਣ ਵਿੱਚ ਸ਼ਾਮਲ ਹੋਣ ਜੋਗਾ ਹੋਵੇ ਤਦ ਤੱਕ ਇਲਾਜ ਨੂੰ ਟਾਲੇ ਜਾਣ ਵਿੱਚ ਪਹਿਲ ਦਿੱਤੀ ਜਾ ਸਕਦੀ ਹੈ।

ਚਿੱਤਰ 1 ਮਾਪਿਆਂ ਵਾਸਤੇ ਕਦਮ ਬਾ ਕਦਮ ਨਿਰਦੇਸ਼ਕਾ

ਬਿਮਾਰੀ ਦਾ ਸਹੀ ਪਤਾ ਲਗਾਓ। ਆਪਣੇ ਬੱਚੇ ਦੇ ਫਰਕ ਬਾਰੇ ਪੂਰੀ ਜਾਣਕਾਰੀ ਲਵੋ

↓

ਆਪਣੇ ਬੱਚੇ ਨੂੰ ਮੁੰਡੇ ਜਾਂ ਕੁੜੀ ਵਜੋਂ ਪਾਲੋ - ਮਾਹਰ ਡਾਕਟਰੀ ਅਤੇ ਸਾਥੀਆਂ ਦੀ ਸਲਾਹ ਫੈਸਲਾ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੀ ਹੈ

↓

ਉਚਿੱਤ ਸਲਾਹ, ਸਾਥੀ ਸਮੂਹਾਂ ਤੇ ਹੋਰ ਸਹਿਯੋਗਾਂ ਤੱਕ ਪਹੁੰਚ ਕਰੋ ਜੋ ਤੁਹਾਨੂੰ ਤੁਹਾਡੇ ਬੱਚੇ ਦੇ ਫਰਕ ਨੂੰ ਸਮਝਣ ਤੇ ਇਸ ਨਾਲ ਸਿੱਝਣ ਵਿੱਚ ਮਦਦ ਕਰ ਸਕਦੀਆਂ ਹਨ

↓

ਜੇਕਰ ਔਪਰੇਸ਼ਨ ਦੀ ਸਿਫਾਰਸ਼ ਕੀਤੀ ਜਾਵੇ ਇਲਾਜਾਂ ਦੇ ਸਾਰੇ ਵਿਕਲਪਾਂ ਨੂੰ ਵਿਚਾਰੋ ਤੇ ਦੂਸਰੀ ਰਾਏ ਲਵੋ। ਕਾਹਲੀ ਵਿੱਚ ਫੈਸਲਾ ਨਾ ਲਵੋ ਅਤੇ ਨਾ ਇਲਾਜ ਕਰਵਾਉਣ ਦੇ ਵਿਕਲਪ ਨੂੰ ਵਿਚਾਰੋ

↓

ਆਪਣੇ ਬੱਚੇ ਨੂੰ ਉਹਨਾਂ ਦੇ ਸਰੀਰ ਬਾਰੇ ਪੜਾਵਾਂ ਵਿੱਚ ਦੱਸੋ ਜਦੋਂ ਉਹ ਵੱਡੇ ਹੁੰਦੇ ਹਨ ਤੇ ਕੁਝ ਧਾਰਨਾਵਾਂ ਨੂੰ ਸਮਝ ਸਕਦੇ ਹਨ

↓

ਯਕੀਨੀ ਬਣਾਓ ਕਿ ਤੁਹਾਡੇ ਬੱਚੇ ਨੂੰ ਉਹਨਾਂ ਦੀ ਜਵਾਨੀ ਤੱਕ ਪਹੁੰਚਣ ਤੱਕ ਉਸ ਦੇ ਫਰਕ ਦਾ ਪੂਰਾ ਪਤਾ ਹੋਵੇ ਅਤੇ ਉਹਨਾਂ ਨੂੰ ਆਪਣੇ ਇਲਾਜ ਦੇ ਫੈਸਲੇ ਲੈਣ, ਸੰਭਾਲ ਅਤੇ ਸਹਿਯੋਗ ਦੀਆਂ ਲੋੜਾਂ ਵਿੱਚ ਸਹਿਯੋਗ ਦਿਓ

ਨੋਟ: *A guide for parents of children with atypical genitalia, 2016,* Androgen Insensitivity Syndrome Support Group Australia Inc., Peer Support, Information and Advocacy for Intersex People and their Families http://aissga.org.au/fact_sheets.htm ਵਿਚੋਂ ਲਿਆ ਗਿਆ।

# ਮੈਂ ਲੋਕਾਂ ਨੂੰ ਕੀ ਦੱਸਾਂ?

ਮੱਧ-ਲਿੰਗੀ ਫਰਕ ਦਾ ਇਲਾਜ ਕਰਵਾਉਣਾ ਤੁਹਾਡੇ ਅਤੇ ਤੁਹਾਡੇ ਬੱਚੇ ਵਾਸਤੇ ਤਣਾਅਪੂਰਨ ਵਾਲਾ ਸਮਾਂ ਹੋ ਸਕਦਾ ਹੈ। ਇਸ ਸਮੇਂ ਸਹੀ ਜਾਣਕਾਰੀ ਅਤੇ ਭਰੋਸੇਯੋਗ ਵਸੀਲਿਆਂ ਤੋਂ ਗੁਣਵੱਤਾ ਵਾਲਾ ਸਹਿਯੋਗ ਪ੍ਰਾਪਤ ਕਰਨਾ ਮਹੱਤਵਪੂਰਣ ਹੋਵੇਗਾ।

ਆਪਣੇ ਬੱਚੇ ਦੇ ਮੱਧ-ਲਿੰਗੀ ਫਰਕ ਬਾਰੇ ਪਰਿਵਾਰ ਅਤੇ ਦੋਸਤਾਂ ਨਾਲ ਗੱਲ ਕਰਨ ਬਾਰੇ ਤੁਹਾਡੀਆਂ ਭਾਵਨਾਵਾਂ ਰਲੀਆਂ ਮਿਲੀਆਂ ਹੋ ਸਕਦੀਆਂ ਹਨ ਜਾਂ ਜੇ ਉਹਨਾਂ ਦੇ ਕੋਈ ਸਵਾਲ ਹੋਣ ਤਾਂ ਉਹਨਾਂ ਦੇ ਜਵਾਬ ਕਿਵੇਂ ਦੇਣੇ ਹਨ ਬਾਰੇ ਅਨਿਸ਼ਚਤਾ ਹੋ ਸਕਦੀ ਹੈ। ਆਪਣੇ ਬੱਚੇ ਨੂੰ ਤੇ ਉਸ ਦੀ ਨਿੱਜਤਾ ਨੂੰ ਬਚਾਉਣ ਦੀ ਤੁਹਾਡੀ ਇੱਛਾ ਅਤੇ ਉਹਨਾਂ ਦੇ ਤਜ਼ਰਬਿਆਂ ਬਾਰੇ ਖੁੱਲ੍ਹਾਪਣ ਜੋ ਭੇਦ ਤੇ ਸ਼ਰਮ ਨੂੰ ਟਾਲਦੇ ਹਨ ਵਿਚਕਾਰ ਸੰਤੁਲਿਨ ਬਿਠਾਉਣ ਲਈ ਕੁਝ ਸਮਾਂ ਲੱਗ ਸਕਦਾ ਹੈ। ਜੋ ਤੁਹਾਨੂੰ, ਤੁਹਾਡੇ ਬੱਚੇ ਅਤੇ ਤੁਹਾਡੇ ਪਰਿਵਾਰ ਨੂੰ ਜੱਚਦਾ ਹੈ ਉਹ ਕਰਨਾ ਮਹੱਤਵਪੂਰਣ ਹੈ।

ਜਿਉਂ ਜਿਉਂ ਤੁਹਾਡਾ ਬੱਚਾ ਵੱਡਾ ਹੁੰਦਾ ਹੈ ਉਹਨਾਂ ਦੇ ਫਰਕ ਬਾਰੇ, ਡਾਕਟਰੀ ਇਲਾਜ ਜੋ ਉਹ ਸ਼ਾਇਦ ਕਰਵਾ ਰਹੇ ਹੋਣਗੇ ਬਾਰੇ ਅਤੇ ਕਿਹੜੇ ਵਿਕਲਪ ਤੇ ਚੋਣਾਂ ਉਹਨਾਂ ਲਈ ਉਪਲਬਧ ਹਨ ਦੇ ਬਾਰੇ ਉਮਰ ਦੇ ਹਿਸਾਬ ਨਾਲ ਸਮਝਾਉਣਾ ਮਹੱਤਵਪੂਰਣ ਹੋਵੇਗਾ।

# ਮੈਂ ਹੋਰ ਜਾਣਕਾਰੀ ਕਿੱਥੋਂ ਲੈ ਸਕਦਾ ਹਾਂ?

ਤੁਹਾਨੂੰ ਰੌਇਲ ਚਿਲਡਰਨ ਹਸਪਤਾਲ ਜਾਂ ਮੋਨੈਸ਼ ਚਿਲਡਰਨ ਹਸਪਤਾਲ ਵਿੱਚ ਭੇਜੇ ਜਾਣ ਲਈ ਰੈਫ਼ਰਲ ਦਾ ਪ੍ਰਬੰਧ ਕੀਤਾ ਜਾਵੇਗਾ ਜਿੱਥੇ ਤੁਸੀਂ ਸਿਹਤ ਪੇਸ਼ੇਵਰਾਂ ਦੀ ਇਕ ਟੀਮ ਤੋਂ ਸਹਿਯੋਗ ਪ੍ਰਾਪਤ ਕਰੋਗੇ। ਤੁਹਾਡੇ ਪਰਿਵਾਰ ਅਤੇ ਦੋਸਤਾਂ ਦੇ ਸਹਿਯੋਗ ਦੇ ਨਾਲ ਨਾਲ ਤੁਸੀਂ ਮਾਹਰ ਸਾਥੀ ਸਹਾਰਾ ਸਮੂਹਾਂ ਤੋਂ ਵੀ ਸਹਿਯੋਗ ਲੈ ਸਕਦੇ ਹੋ ਜੋ ਇਹੋ ਜਿਹੇ ਲੋਕਾਂ ਦੇ ਬਣੇ ਹਨ ਜਿੰਨ੍ਹਾਂ ਦਾ ਇਸੇ ਤਰ੍ਹਾਂ ਦਾ ਤਜ਼ਰਬਾ ਰਿਹਾ ਹੈ।

ਜ਼ਿਆਦਾ ਜਾਣਕਾਰੀ ਲਈ, ਸੰਪਰਕ ਕਰੋ:

- ਰੌਇਲ ਚਿਲਡਰਨ ਹਸਪਤਾਲ ਕਲੀਨੀਕਲ ਕੋਆਰਡੀਨੇਟਰ: (03) 9345 7033 ਜਾਂ (03) 9345 5522 (ਸਵਿੱਚਬੋਰਡ)
- ਮੋਨੈਸ਼ ਹਸਪਤਾਲ ਦਾ ਮੂਤਰ (ਯੂਰੋਲਜੀ) ਵਿਗਿਆਨ ਦਾ ਵਿਭਾਗ: (03) 9594 4723
- AISSGA (Androgen Insensitivity Syndrome Support Group Australia): http://www.aissga.org.au
- Australian X and Y Spectrum Support (AXYS) <https://axys.org.au>
- CAH Support Group Australia <http://www.cah.org.au>
- Genetic Support Network Victoria <https://www.gsnv.org.au>
- Intersex Human Rights Australia <https://ihra.org.au>
- Turner Syndrome Association of Australia <https://www.turnersyndrome.org.au>.

---

ਇਸ ਪ੍ਰਕਾਸ਼ਨ ਨੂੰ ਪਹੁੰਚਯੋਗ ਰੂਪ ਵਿੱਚ ਪ੍ਰਾਪਤ ਕਰਨ ਲਈ email DHHS diversity <diversity@dhhs.vic.gov.au>

ਵਿਕਟੋਰੀਆ ਦੀ ਸਰਕਾਰ ਵੱਲੋਂ ਅਧਿਕਾਰਤ ਅਤੇ ਪ੍ਰਕਾਸ਼ਤ, 1 ਟਰੱਯਰੀ ਪਲੇਸ, ਮੈਲਬੋਰਨ।

© ਵਿਕਟੋਰੀਆ ਰਾਜ, ਸਿਹਤ ਅਤੇ ਮਾਨਵ ਸੇਵਾਵਾਂ ਦਾ ਵਿਭਾਗ, ਮਾਰਚ 2019

ISBN 978-1-76069-688-7 (ਪੀ ਡੀ ਐਫ਼/ਔਨਲਾਈਨ/ਐਮ ਐਸ ਵਰਡ) ISBN 978-1-76069-751-8 (ਛਪਿਆ)

Health of people with intersex variations <https://www2.health.vic.gov.au/about/populations/lgbti-health/health-of-people-with-intersex-variations> ਉਪਰ ਉਪਲਬਧ ਹੈ

TDC3 ਦੁਆਰਾ ਪ੍ਰਕਾਸ਼ਤ, ਰਿਚਮੰਡ (1810017 banner)